ਲੋਕਾਂ ਲਈ ਇਹ ਮੰਨਣਾ ਮੁਸ਼ਕਿਲ ਹੋ ਸਕਦਾ ਹੈ ਕਿ ਉਹਨਾਂ ਨਾਲ ਬਦਸਲੂਕੀ ਹੁੰਦੀ ਹੈ ਜਾਂ ਉਹਨਾਂ ਦਾ ਬਦਸਲੂਕੀ ਕਰਨ ਨੂੰ ਮਨ ਕਰਦਾ ਹੈ।

ਜੇ ਕਿਸੇ ਅਜਿਹੇ ਵਿਅਕਤੀ ਨਾਲ ਬਦਸਲੂਕੀ ਕੀਤੀ ਜਾਂਦੀ ਹੈ ਜੋ ਆਪਣੀ ਹਿਫ਼ਾਜ਼ਤ ਚੰਗੀ ਤਰ੍ਹਾਂ ਨਹੀਂ ਕਰ ਸਕਦਾ/ਸਕਦੀ, ਤਾਂ ਇਹ ਹੋਰ ਵੀ ਜ਼ਿਆਦਾ ਗੰਭੀਰ ਗੱਲ ਬਣ ਜਾਂਦੀ ਹੈ।

ਬ੍ਰੈਂਟ ਵਿਚ ਅਸੀਂ ਇਸ ਕਿਸਮ ਦੇ ਵਤੀਰੇ ਨੂੰ **ਬਿਲਕੁਲ ਬਰਦਾਸ਼ਤ ਨਹੀਂ** ਕਰਦੇ, ਕਿਉਂਕਿ ਅਸੀਂ ਜਾਣਦੇ ਹਾਂ ਕਿ ਸਭ ਲੋਕਾਂ ਨੂੰ ਬਦਸਲੂਕੀ ਤੋਂ ਮੁਕਤ ਜ਼ਿੰਦਗੀ ਜੀਉਣ ਦਾ ਹੱਕ ਹੈ। ਕੀ ਤੁਹਾਨੂੰ ਵੀ ਇਹ ਹੱਕ ਨਹੀਂ?

ਤੁਸੀਂ ਸਾਡੇ ਨਾਲ ਗੱਲ ਕਰੋ। ਅਸੀਂ ਮਿਲ ਕੇ ਬ੍ਰੈਂਟ ਵਿਚੋਂ ਬਦਸਲੂਕੀ ਨੂੰ ਖ਼ਤਮ ਕਰ ਸਕਦੇ ਹਾਂ।

ਇਸ ਮੁਹਿੰਮ ਦੇ ਸਮਰਥਕ

- ਹਾਊਜ਼ਿੰਗ ਐਂਡ ਕਮਿਉਨਿਟੀ ਕੇਅਰ ਡਿਪਾਰਟਮੈਂਟ, ਬ੍ਰੈਂਟ ਕਾਉਂਸਿਲ
- ਬ੍ਰੈਂਟ ਐਨ ਐਚ ਐੱਸ ਟੀਚਿੰਗ ਪ੍ਰਾਇਮਰੀ ਕੇਅਰ ਟ੍ਰਸਟ
- ਮੈਟ੍ਰੋਪੋਲੀਟਨ ਪੁਲਿਸ
- ਬ੍ਰੈਂਟ ਐਸੋਸੀਏਸ਼ਨ ਫ਼ਾਰ ਵਾਲੰਟਰੀ ਐਕਸ਼ਨ (BrAVA)
- ਬ੍ਰੈਂਟ ਕੇਅਰਰਜ਼ ਸੈਂਟਰ

## ਸੰਪਰਕ ਕਰਨ ਲਈ ਜਾਣਕਾਰੀ

**ਬ੍ਰੈਂਟ ਕਾਉਂਸਿਲ ਵੱਨ ਸਟੌਪ ਸਰਵਿਸ**
**ਫ਼ੋਨ: 020 8937 4300**

**ਪੁਲਿਸ ਕੋਲ ਰਿਪੋਰਟ ਕਰਨ ਲਈ ਨੰਬਰ**
**ਫ਼ੋਨ: 020 7372 1212**

**ਬ੍ਰੈਂਟ ਕੇਅਰਰਜ਼ ਸੈਂਟਰ (ਦੇਖਭਾਲ ਕਰਨ ਵਾਲਿਆਂ ਲਈ)**
**ਫ਼ੋਨ: 020 8795 6240**

**ਐਕਸ਼ਨ ਫ਼ੌਰ ਐਲਡਰ ਅਬਿਊਜ਼ ਹੈਲਪਲਾਈਨ**
**ਫ਼ੋਨ: 080 8808 8141** (ਫ਼੍ਰੀਫ਼ੋਨ)

**ਯਾਦ ਰੱਖੋ: ਕਿਸੇ ਮੁਸੀਬਤ ਵੇਲੇ ਨੰਬਰ 999 'ਤੇ ਫ਼ੋਨ ਕਰੋ।**

PUNJABI

# ਬਾਲਿਗ਼ਾਂ ਨੂੰ ਬਦਸਲੂਕੀ ਤੋਂ ਬਚਾਉਣਾ

**"ਸਭ ਲੋਕਾਂ ਨੂੰ ਹਿੰਸਾ ਅਤੇ ਬਦਸਲੂਕੀ ਤੋਂ ਮੁਕਤ ਜ਼ਿੰਦਗੀ ਜੀਉਣ ਦਾ ਹੱਕ ਹੈ।"**

*ਸੇਫ਼ਗਾਰਡਿੰਗ ਅਡੱਲਟਸ*

*ADASS 2005*

ਜ਼ਿਆਦਾਤਰ ਲੋਕ ਹੋਰਨਾਂ ਦੀ ਮਦਦ ਕਰਨਾ ਚਾਹੁੰਦੇ ਹਨ, ਅਤੇ ਸਾਡੇ ਵਿਚੋਂ ਬਹੁਤ ਸਾਰੇ ਲੋਕ ਇਹ ਕੰਮ ਬੜੀ ਚੰਗੀ ਤਰ੍ਹਾਂ ਕਰਦੇ ਵੀ ਹਨ, ਅਤੇ ਉਹ ਕਰਮਚਾਰੀਆਂ ਦੇ ਤੌਰ 'ਤੇ ਜਾਂ ਦੋਸਤਾਂ ਜਾਂ ਰਿਸ਼ਤੇਦਾਰਾਂ ਦੇ ਤੌਰ 'ਤੇ ਹੋਰਨਾਂ ਦੀ ਵਧੀਆ ਦੇਖਭਾਲ ਕਰਦੇ ਹਨ।

ਪਰ ਕਈ ਵਾਰ ਦੇਖਭਾਲ ਦਾ ਕੰਮ ਚੰਗਾ ਨਹੀਂ ਹੁੰਦਾ, ਇਹਦਾ ਕਰਣ ਅਗਿਆਨਤਾ ਜਾਂ ਲਾਪਰਵਾਹੀ ਹੋ ਸਕਦਾ ਹੈ, ਜਾਂ ਕਦੇ ਕਦੇ ਜਾਣ ਬੁੱਝ ਕੇ ਬਦਸਲੂਕੀ ਵਾਲੇ ਕੰਮ ਕੀਤੇ ਜਾਂਦੇ ਹਨ ਜਿਹਨਾਂ ਨਾਲ ਕਾਫ਼ੀ ਨੁਕਸਾਨ ਪਹੁੰਚਦਾ ਹੈ।

ਨੁਕਸਾਨ ਪਹੁੰਚਣ ਜਾਂ ਲਾਪਰਵਾਹੀ ਕਰਕੇ ਉਹਨਾਂ ਨੂੰ ਜ਼ਿਆਦਾ ਖ਼ਤਰਾ ਹੁੰਦਾ ਹੈ ਜੋ ਆਪਣੀ ਦੇਖਭਾਲ ਖ਼ੁਦ ਨਹੀਂ ਕਰ ਸਕਦੇ, ਅਤੇ ਜਿਹਨਾਂ ਦਾ ਨਾਜਾਇਜ਼ ਫ਼ਾਇਦਾ ਸੌਖੀ ਤਰ੍ਹਾਂ ਉਠਾਇਆ ਜਾ ਸਕਦਾ ਹੈ।

ਬ੍ਰੈਂਟ ਵਿਚ ਅਸੀਂ ਬਦਸਲੂਕੀ ਨੂੰ **ਬਿਲਕੁਲ ਬਰਦਾਸ਼ਤ ਨਹੀਂ ਕਰਦੇ** ਅਤੇ ਅਸੀਂ ਮਿਲ ਕੇ ਇਹਤੋਂ ਲੋਕਾਂ ਦਾ ਬਚਾਓ ਕਰ ਸਕਦੇ ਹਾਂ।

## ਅਸੀਂ ਬਦਸਲੂਕੀ ਤੋਂ ਕਿਹਨਾਂ ਦਾ ਬਚਾਓ ਕਰ ਸਕਦੇ ਹਾਂ?

18 ਸਾਲ ਜਾਂ ਵੱਧ ਉਮਰ ਦੇ ਬਾਲਿਗ਼:

- ਜਿਹਨਾਂ ਨੂੰ ਕਿਸੇ ਨਿਰਯੋਗਤਾ ਜਾਂ ਬੀਮਾਰੀ ਕਰਕੇ ਮਦਦ ਦੀ ਲੋੜ ਹੈ
- ਜੋ ਆਪਣੀ ਦੇਖਭਾਲ ਜਾਂ ਕਾਫ਼ੀ ਨੁਕਸਾਨ ਜਾਂ ਬਦਸਲੂਕੀ ਤੋਂ ਆਪਣੀ ਹਿਫ਼ਾਜ਼ਤ ਖ਼ੁਦ ਨਹੀਂ ਕਰ ਸਕਦੇ

## ਬਦਸਲੂਕੀ ਕੀ ਹੈ?

"ਬਦਸਲੂਕੀ ਕਿਸੇ ਵਿਅਕਤੀ ਦੇ ਸ਼ਹਿਰੀ ਅਤੇ ਨਿਜੀ ਹੱਕਾਂ ਦਾ ਕਿਸੇ ਹੋਰ ਵਲੋਂ ਕੀਤਾ ਜਾਣ ਵਾਲਾ ਉਲੰਘਣ ਹੈ"

***No Secrets***
Department of Health 2000

ਬਦਸਲੂਕੀ ਇਹਨਾਂ ਕਿਸਮਾਂ ਦੀ ਹੋ ਸਕਦੀ ਹੈ:

- **ਸਰੀਰਕ**, ਜਿਵੇਂ ਝਿੰਜੋੜਨਾ ਜਾਂ ਸੱਟ ਮਾਰਨਾ
- **ਜਿਨਸੀ (ਸੈਕਸੁਅਲ)**, ਜਿਵੇਂ ਅਣਚਾਹੀਆਂ ਜਿਨਸੀ ਹਰਕਤਾਂ
- **ਮਾਨਸਿਕ ਜਾਂ ਜਜ਼ਬਾਤੀ**, ਜਿਵੇਂ ਧਮਕੀਆਂ ਦੇਣ, ਚੀਕਣਾ, ਧੌਂਸਬਾਜ਼ੀ
- **ਮਾਲੀ**, ਜਿਵੇਂ ਚੋਰੀ ਕਰਨਾ, ਜਾਂ ਪੈਸੇ ਰੋਕ ਕਰ ਰੱਖਣਾ
- **ਲਾਪਰਵਾਹੀ ਜਾਂ ਗ਼ਲਤ ਕੰਮ ਕਰਨਾ**, ਜਿਵੇਂ ਕਿਸੇ ਦੀ ਜਾਣਬੁੱਝ ਕੇ ਦੇਖਭਾਲ ਨਾ ਕਰਨਾ
- **ਵਿਤਕਰਾ**, ਜਿਵੇਂ ਅਨਿਆਂਪੂਰਣ ਵਤੀਰਾ
- **ਸੰਸਥਾਈ**, ਜਦ ਕਿਸੇ ਸੰਸਥਾ ਦੇ ਕੰਮਾਂ ਨਾਲ ਵਿਅਕਤੀਆਂ ਨੂੰ ਨੁਕਸਾਨ ਪਹੁੰਚੇ

## ਬਦਸਲੂਕੀ ਕੌਣ ਕਰਦਾ/ਕਰਦੀ ਹੈ?

ਬਦਸਲੂਕੀ ਕੋਈ ਵੀ ਕਰ ਸਕਦਾ/ਸਕਦੀ ਹੈ, ਅਤੇ ਜ਼ਰੂਰੀ ਨਹੀਂ ਕਿ ਇਹ ਜਾਣ ਬੁੱਝ ਕੇ ਕੀਤੀ ਜਾਏ। ਇਹ ਲੋਕ ਬਦਸਲੂਕੀ ਕਰ ਸਕਦੇ ਹਨ:

- ਤਨਖ਼ਾਹ ਲੈਣ ਵਾਲੇ ਕੇਅਰ ਵਰਕਰ
- ਦੇਖਭਾਲ ਕਰਨ ਵਾਲੇ
- ਕਰਮਚਾਰੀ
- ਵਾਲੰਟੀਅਰ
- ਸੇਵਾਵਾਂ ਦੀ ਵਰਤੋਂ ਕਰਨ ਵਾਲੇ ਹੋਰ ਲੋਕ
- ਦੋਸਤ ਜਾਂ ਗੁਆਂਢੀ
- ਅਜਨਬੀ

## ਬਦਸਲੂਕੀ ਕਿੱਥੇ ਹੋ ਸਕਦੀ ਹੈ?

ਬਦਸਲੂਕੀ ਲੱਗਭਗ ਹਰ ਥਾਂ ਹੋ ਸਕਦੀ ਹੈ, ਜਿਵੇਂ:

- **ਕਿਸੇ ਦੇ ਆਪਣੇ ਘਰ ਵਿਚ**
- **ਕਿਸੇ ਹੋਰ ਦੇ ਘਰ ਵਿਚ**
- **ਨਰਸਿੰਗ ਅਤੇ ਰੇਜ਼ੀਡੈਂਸ਼ਿਲ ਹੋਮਾਂ ਵਿਚ**
- **ਡੇਅ ਸੈਂਟਰਾਂ ਵਿਚ**
- **ਹਸਪਤਾਲਾਂ ਵਿਚ**
- **ਕਿਸੇ ਆਮ ਪਬਲਿਕ ਥਾਂ 'ਤੇ**

## ਮੈਂ ਕੀ ਕਰਾਂ, ਜੇ:

- ਮੇਰੇ ਨਾਲ ਬਦਸਲੂਕੀ ਹੁੰਦੀ ਹੋਵੇ?
- ਮੈਨੂੰ ਪਤਾ ਜਾਂ ਸ਼ੱਕ ਹੋਵੇ ਕਿ ਕਿਸੇ ਨਾਲ ਬਦਸਲੂਕੀ ਹੁੰਦੀ ਹੈ?
- ਮੈਨੂੰ ਡਰ ਹੋਵੇ ਕਿ ਮੈਂ ਕਿਸੇ ਨਾਲ ਬਦਸਲੂਕੀ ਕਰ ਸਕਦਾ/ਸਕਦੀ ਹਾਂ?

ਇਸ ਪਰਚੇ ਦੇ ਦੂਸਰੇ ਪਾਸੇ ਦਿੱਤੇ ਹੋਏ ਨੰਬਰਾਂ 'ਤੇ ਸਾਡੇ ਵਿਚੋਂ ਕਿਸੇ ਨਾਲ ਗੱਲ ਕਰੋ।

## ਕੀ ਹੋਏਗਾ?

- ਅਸੀਂ ਤੁਹਾਡੀ ਰਿਪੋਰਟ ਨੂੰ ਗੰਭੀਰਤਾ ਨਾਲ ਵਿਚਾਰਾਂਗੇ।
- ਅਸੀਂ ਮਸਲੇ ਦੀ ਛਾਣਬੀਣ ਕਰਾਂਗੇ।
- ਜਿਹਦੇ ਨਾਲ ਬਦਸਲੂਕੀ ਹੁੰਦੀ ਹੋਵੇ ਅਸੀਂ ਉਹਦੀ ਹਿਫ਼ਾਜ਼ਤ ਕਰਾਂਗੇ।
- ਅਸੀਂ ਤੁਹਾਨੂੰ ਜਾਣਕਾਰੀ ਦਿਆਂਗੇ।

**ਬਦਸਲੂਕੀ ਨੂੰ ਅੱਖੋਂ ਉਹਲੇ ਨਾ ਕਰੋ - ਜੇ ਤੁਸੀਂ ਇਹਦੀ ਰਿਪੋਰਟ ਨਹੀਂ ਕਰੋਗੇ, ਤਾਂ ਹੋਰ ਲੋਕਾਂ ਨੂੰ ਖ਼ਤਰਾ ਹੋ ਸਕਦਾ ਹੈ।**

**ਆਓ ਅਸੀਂ ਸਾਰੇ ਮਿਲ ਕੇ ਬ੍ਰੈਂਟ ਵਿਚੋਂ ਬਦਸਲੂਕੀ ਨੂੰ ਖ਼ਤਮ ਕਰੀਏ।**